ਸਟਾਫ ਦੇ ਮੈਂਬਰੋ, ਮਾਪਿਓ ਅਤੇ ਵਿਦਿਆਰਥੀਓ, ਹੈਲੋ,

ਏ-ਸਵੇਇਲ,

ਅਗਲਾ ਹਫਤਾ ਪੜ੍ਹਾਈ ਮੁਲਤਵੀ ਕਰਨ ਦਾ ਪੰਜਵਾਂ ਹਫਤਾ ਹੋਵੇਗਾ, ਅਤੇ ਬਹੁਤ ਛੇਤੀ ਮਈ ਦਾ ਮਹੀਨਾ ਆ ਰਿਹਾ ਹੈ। ਪਿਛਲੇ ਹਫਤੇ ਅਸੀਂ ਸਕੂਲ ਵਾਪਸ ਆਉਣ ਬਾਰੇ ਬਹੁਤ ਕੁੱਝ ਸੁਣਿਆ ਹੈ, ਇਸ ਲਈ ਮੈਂ ਇਸ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਸਕੂਲ ਵਾਪਸ ਆਉਣ ਦਾ ਸਾਡੇ ਸਾਰਿਆਂ ਲਈ ਕੀ ਅਰਥ ਹੋਵੇਗਾ, ਇਹ ਕਿਵੇਂ ਅਤੇ ਕਦੋਂ ਹੋਵੇਗਾ ਅਤੇ ਜ਼ਿਲ੍ਹਾ ਉਸ ਵਰਤਾਰੇ ਬਾਰੇ ਕਿਸ ਤਰ੍ਹਾਂ ਯੋਜਨਾ ਬਣਾ ਰਿਹਾ ਹੈ? ਇਹ ਜਾਣਨਾ ਬਹੁਤ ਮਹੱਤਵਪੂਰਨ ਹੈ ਕਿ, ਮੈਂ ਇਹ ਸਮਝਦਾ ਅਤੇ ਪ੍ਰਵਾਨ ਕਰਦਾ ਹਾਂ ਕਿ ਸਕੂਲ ਵਾਪਸ ਆਉਣ ਦਾ ਕੀ ਅਰਥ ਹੈ, ਇਸ ਬਾਰੇ ਬਹੁਤ ਸਾਰੀ ਚਿੰਤਾ ਅਤੇ ਡਰ ਮੌਜੂਦ ਹੈ। ਲੋਕ ਆਪਣੀ ਅਤੇ ਆਪਣੇ ਬੱਚਿਆਂ ਦੀ ਸਿਹਤ ਬਾਰੇ ਫਿਕਰਮੰਦ ਹਨ। ਮੈਂ ਉਮੀਦ ਕਰਦਾ ਹਾਂ ਕਿ ਅੱਜ ਮੈਂ ਉਨ੍ਹਾਂ ਵਿੱਚੋਂ ਕੁੱਝ ਫਿਕਰਾਂ ਬਾਰੇ ਗੱਲ ਕਰ ਸਕਾਂਗਾ ਅਤੇ ਆਉਣ ਵਾਲੇ ਲੰਮੇ ਸਮੇਂ ਲਈ ਇਕ ਤਸਵੀਰ ਪੇਸ਼ ਕਰ ਸਕਾਂਗਾ।

ਅਸੀਂ ਸਾਰਿਆਂ ਨੇ ਕੁੱਝ ਬੰਦਸ਼ਾਂ ਖਤਮ ਕੀਤੇ ਜਾਣ ਬਾਰੇ ਸੁਣਿਆ ਹੈ, ਸੰਭਵ ਹੈ ਕਿ ਮਈ ਵਿੱਚ, ਅਤੇ ਲੋਕ ਇਸ ਬਾਰੇ ਅਨੁਮਾਨ ਲਾਉਣ ਲੱਗੇ ਹਨ ਕਿ ਜੇ ਸਕੂਲ ਆਹਮੋ ਸਾਹਮਣੇ ਪੜ੍ਹਾਈ ਸ਼ੁਰੂ ਕਰ ਦੇਣਗੇ ਤਾਂ ਇਸ ਦਾ ਕੀ ਅਰਥ ਹੋਏਗਾ। ਸੂਬਾਈ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਅਫਸਰ) ਡਾਕਟਰ ਬੋਨੀ ਹੈਨਰੀ ਨੇ ਕਿਹਾ ਹੈ ਕਿ ਅਖੀਰ ਵਿੱਚ ਸਕੂਲ ਵਾਪਸ ਆਉਣਾ 'ਕੁੱਝ ਮਿਲਗੋਭਾ ਜਿਹਾ" ਹੋਵੇਗਾ ਅਤੇ ਸਾਡੇ ਪ੍ਰੀਮੀਅਰ ਨੇ ਕਿਹਾ ਹੈ ਕਿ ਜੇ ਸਾਨੂੰ ਡਾਕਟਰ ਹੈਨਰੀ ਤੋਂ ਹਾਂ-ਮੁਖੀ ਸੰਕੇਤ ਮਿਲਣ ਤਾਂ ਅਸੀਂ ਬੱਚਿਆਂ ਨੂੰ ਵਾਪਸ ਸਕੂਲ ਭੇਜਣ ਬਾਰੇ ਸੋਚਣਾ ਸ਼ੁਰੂ ਕਰ ਸਕਦੇ ਹਾਂ। ਇਕ ਜ਼ਿਲ੍ਹੇ ਵੱਜੋਂ, ਸਾਨੂੰ ਕਿਸੇ ਤਰ੍ਹਾਂ ਦੀ ਵਾਪਸੀ ਬਾਰੇ ਯੋਜਨਾ ਬਣਾਉਣ ਲਈ ਕਿਹਾ ਗਿਆ ਹੈ।

ਇਸ ਲਈ ਸਕੂਲਾਂ ਵਿੱਚ ਹੋਰ ਬੱਚਿਆਂ ਦੇ ਆਉਣ ਲਈ ਛੋਟੇ ਛੋਟੇ ਕਦਮਾਂ ਦੀ ਲੜੀ ਕਿਸ ਤਰ੍ਹਾਂ ਦੀ ਹੋਵੇਗੀ? ਮੇਰੇ ਖਿਆਲ ਵਿੱਚ, ਕਿਸੇ ਵੀ ਮਾਡਲ ਲਈ ਨਿਯਮਾਂ ਦੇ ਇਕ ਜੁੱਟ ਤੋਂ ਸੇਧ ਲੈਣੀ ਜ਼ਰੂਰੀ ਹੈ, ਜਿਹੜੇ ਦੋ ਮਹੱਤਵਪੂਰਨ ਚਿਤਾਵਨੀਆਂ ਨਾਲ ਸ਼ੁਰੂ ਹੁੰਦੇ ਹਨ:

1. ਸਿਹਤ ਅਤੇ ਸੁਰੱਖਿਆ - ਅਸੀਂ ਇਹ ਕਿਵੇਂ ਯਕੀਨੀ ਬਣਾ ਸਕਦੇ ਹਾਂ ਕਿ ਸਾਡੇ ਸਕੂਲ ਵਾਪਸੀ ਲਈ ਸੁਰੱਖਿਅਤ ਹਨ ਅਤੇ ਸੁਰੱਖਿਆ ਅਤੇ ਸਫਾਈ ਦੇ ਉਨ੍ਹਾਂ ਪੱਧਰਾਂ ਨੂੰ ਅਸੀਂ ਕਿਵੇਂ ਬਰਕਰਾਰ ਰੱਖ ਸਕਦੇ ਹਾਂ; ਅਤੇ

2. ਫਿਰ ਹੌਲੀ ਹੌਲੀ ਅਤੇ ਸੂਝ-ਭਰਪੂਰ ਢੰਗ ਨਾਲ ਅਸੀਂ ਆਪਣੀ ਮੌਜੂਦਾ ਥਾਂ ਤੋਂ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਆਹਮੋ ਸਾਹਮਣੇ ਪੜ੍ਹਾਈ ਵਾਲੀ ਥਾਂ ਤੱਕ ਉਸ ਢੰਗ ਨਾਲ ਕਿਵੇਂ ਜਾ ਸਕਦੇ ਹਾਂ ਜਿਹੜਾ ਢੰਗ ਸਮਾਜਕ ਦੂਰੀ ਰੱਖਣ (ਸੋਸ਼ਲ ਡਿਸਟੈਂਸਿੰਗ) ਅਤੇ ਆਪਣੇ ਸਟਾਫ ਅਤੇ ਬੱਚਿਆਂ ਦੀ ਸੁਰੱਖਿਆ ਰੱਖਣ ਨੂੰ ਕਾਇਮ ਰੱਖ ਸਕੇ?

ਮੈਂ ਕਹਿਣਾ ਚਾਹਾਂਗਾ ਕਿ "ਸਮਾਜਕ ਦੂਰੀ ਰੱਖਣਾ-ਸੋਸ਼ਲ ਡਿਸਟੈਂਸਿੰਗ" ਇਕ ਮੁਸ਼ਕਿਲ ਸ਼ਬਦ ਹੈ ਅਤੇ ਸਾਡੇ ਬਹੁਤ ਛੋਟੇ ਵਿਦਿਆਰਥੀਆਂ ਲਈ ਅਸੰਭਵ ਹੋਣ ਦੇ ਬਰਾਬਰ ਹੈ। ਮੇਰੀ ਨਿਮਰ ਰਾਏ ਵਿੱਚ, ਸਾਡੇ ਭੋਲੇ ਭਾਲੇ ਅਤੇ ਦਿਆਲੂ ਛੋਟੇ ਬੱਚਿਆਂ ਤੋਂ ਇਕ ਦੂਸਰੇ ਤੋਂ 2 ਮੀਟਰ ਦੂਰ ਰਹਿਣ, ਇਕ ਦੂਸਰੇ ਨਾਲ ਖਿਡਾਉਣੇ ਸਾਂਝੇ ਨਾ ਕਰਨ, ਆਪਣੇ ਦੋਸਤਾਂ ਨੂੰ ਨਾ ਛੋਹਣ ਦੀ ਆਸ ਰੱਖਣ ਦਾ ਕੋਈ ਸੰਭਵ ਢੰਗ ਨਹੀਂ ਹੈ। ਇਹ ਤਿੰਨ ਚੀਜ਼ਾਂ ਸਾਡੇ ਛੋਟੇ ਬੱਚਿਆਂ ਦੇ ਮੂਲ ਸੁਭਾਅ ਦਾ ਹਿੱਸਾ ਹਨ: "ਆ ਇਕੱਠੇ ਖੇਡੀਏ, ਕੀ ਤੂੰ ਮੇਰਾ ਨਵਾਂ ਖਿਡਾਉਣਾ ਦੇਖਿਆ ਅਤੇ ਕੀ ਤੂੰ ਰਲ ਕੇ ਖੇਡਣਾ ਚਾਹੁੰਦਾ ਹੈਂ?" ਉਹ ਸਿਰਫ ਇਹ ਨਹੀਂ ਕਰਦੇ, ਸਗੋਂ ਉਹ ਇਹ ਹਨ। ਸਾਡੀਆਂ ਯੋਜਨਾਵਾਂ ਵਿੱਚ ਜਿਸਮਾਨੀ ਦੂਰੀ ਰੱਖਣ ਦੀ ਸੰਭਵਤਾ ਅਤੇ ਸਾਡੇ ਵਿਦਿਆਰਥੀਆਂ ਦੀ ਯੋਗਤਾ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

ਕਿਰਪਾ ਕਰਕੇ ਇਹ ਸੁਣ ਕੇ ਪਰੇਸ਼ਾਨ ਨਾ ਹੋਇਓ ਕਿ ਜ਼ਿਲ੍ਹਾ ਬਦਲਵੇਂ ਦਿਨਾਂ ਜਾਂ ਵੱਖ ਵੱਖ ਗ੍ਰੇਡਾਂ ਲਈ ਵੱਖ ਵੱਖ ਦਿਨਾਂ ਦੇ ਮਾਡਲਾਂ ਬਾਰੇ ਗੱਲ ਕਰ ਰਿਹਾ ਹੈ। ਸਾਡੇ ਲਈ ਵੱਖ ਵੱਖ ਚੋਣਾਂ ਬਾਰੇ ਸੋਚਣਾ ਜ਼ਰੂਰੀ ਹੈ, ਕਿਉਂਕਿ ਸਾਡੇ ਲਈ ਇਸ ਗੱਲ ਨੂੰ ਜਾਣਨਾ ਜ਼ਰੂਰੀ ਹੈ ਕਿ ਉਦੋਂ ਕੀ ਹੋਵੇਗਾ ਜਦੋਂ ਸੂਬੇ ਵੱਲੋਂ ਸਾਨੂੰ ਵਾਪਸ ਆਉਣ ਲਈ ਕਿਹਾ ਜਾਵੇਗਾ ਅਤੇ ਸਾਨੂੰ ਇਸ ਗੱਲ ਦਾ ਪਤਾ ਲਾਉਣ ਦੀ ਵੀ ਲੋੜ ਹੈ ਕਿ ਉਦੋਂ ਕੀ ਹੋਵੇਗਾ ਜੇ ਅਸੀਂ ਹੌਲੀ ਹੌਲੀ ਵਾਪਸ ਆ ਜਾਈਏ ਅਤੇ ਨਵੰਬਰ ਵਿੱਚ ਸਾਨੂੰ ਫਿਰ ਪਿੱਛੇ ਨੂੰ ਜਾਣ ਦੀ ਲੋੜ ਪਵੇ, ਜੇ ਮਹਾਂਮਾਰੀ ਫਿਰ ਵੱਧ ਜਾਵੇ। ਮੈਨੂੰ ਈਮੇਲਾਂ ਆਈਆਂ ਹਨ ਅਤੇ ਮੈਂ ਸੁਣਿਆ ਹੈ ਕਿ ਲੋਕ ਗੱਲਾਂ ਕਰ ਰਹੇ ਹਨ ਕਿ ਜੌਰਡਨ ਟਿੰਨੀ 15 ਮਈ ਤੋਂ ਕਿੰਡਰਗਾਰਟਨ ਅਤੇ ਗ੍ਰੇਡ 1 ਲਈ ਬਦਲਵੇਂ ਦਿਨਾਂ ਅਨੁਸਾਰ ਸਕੂਲ ਖੋਲ੍ਹ ਰਿਹਾ ਹੈ। ਅਸੀਂ ਇਹ ਨਹੀਂ ਕਰ ਰਹੇ ਅਤੇ ਨਾ ਹੀ ਅਸੀਂ ਇਸ ਤਰ੍ਹਾਂ ਕਰਾਂਗੇ। ਸਾਨੂੰ ਸੂਬੇ ਤੋਂ ਸੇਧ ਮਿਲ ਰਹੀ ਹੈ, ਅਤੇ ਅਸੀਂ ਆਪਣੇ ਭਾਈਵਾਲਾਂ ਨਾਲ ਮਿਲ ਕੇ ਮਾਡਲ ਤਿਆਰ ਕਰਾਂਗੇ ਅਤੇ ਜਿਹਨਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਉਨ੍ਹਾਂ ਬਾਰੇ ਮਾਪਿਆਂ ਅਤੇ ਆਪਣੀ ਕਮਿਊਨਿਟੀ ਨੂੰ ਚੰਗੀ ਤਰ੍ਹਾਂ ਦੱਸਿਆ ਜਾਵੇਗਾ। ਇਕ ਸੂਝ-ਭਰੀ ਅਤੇ ਹੌਲੀ ਹੌਲੀ ਲਾਗੂ ਕਰਨ ਵਾਲੀ ਪਹੁੰਚ ਦਾ ਸਮਰਥਨ ਕਰਨ ਲਈ ਮੈਂ ਆਪਣੇ ਸੂਬਾਈ ਭਾਈਵਾਲਾਂ ਨਾਲ ਵੀ ਕੰਮ ਕਰਨਾ ਜਾਰੀ ਰੱਖਾਂਗਾ।

ਮੈਂ ਦੋ ਗੱਲਾਂ ਨਾਲ ਆਪਣੀ ਗੱਲ ਖਤਮ ਕਰਨੀ ਚਾਹਾਂਗਾ। ਪਹਿਲਾਂ ਇਹ ਗੱਲ ਮੰਨ ਕੇ ਕਿ ਸਾਡੀ ਮੌਜੂਦਾ ਸਥਿਤੀ ਤੋਂ ਸਾਰੇ ਕਰਮਚਾਰੀ ਇੱਕੋ ਤਰ੍ਹਾਂ ਪ੍ਰਭਾਵਿਤ ਨਹੀਂ ਹਨ। ਅਸੀਂ ਪੂਰੀ ਤਰ੍ਹਾਂ ਵਿਸ਼ਵਾਸ ਕਰਦੇ ਹਾਂ ਕਿ ਅਗਾਂਹ ਵਧਣ ਦੇ ਕਿਸੇ ਵੀ ਮਾਡਲ ਲਈ ਸਾਡਾ ਸਹਾਇਕ ਸਟਾਫ ਬਹੁਤ ਮਹੱਤਵਪੂਰਨ ਹੈ, ਅਤੇ ਅਸੀਂ ਲਗਾਤਾਰ ਸਾਡੇ ਬਹੁਤ ਹੀ ਨਿਤਾਣੇ ਸਿੱਖਿਆਰਥੀਆਂ ਦੀ ਮਦਦ ਕਰਨ ਵਿੱਚ ਉਹਨਾਂ ਵੱਲੋਂ ਕੀਤੇ ਜਾ ਰਹੇ ਸ਼ਾਨਦਾਰ ਕੰਮ ਦੀਆਂ ਕਹਾਣੀਆਂ ਸੁਣ ਰਹੇ ਹਾਂ। ਸਾਡੇ ਕੋਲ 30 ਅਪ੍ਰੈਲ ਤੋਂ ਬਾਅਦ ਉਨ੍ਹਾਂ ਦੀ ਸਥਿਤੀ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਹੈ ਅਤੇ ਇਸ ਲਈ

ਅਸੀਂ ਨਾਰਮਲ ਵਾਂਗ ਹੀ ਅੱਗੇ ਵੱਧ ਰਹੇ ਹਾਂ, ਕਿਉਂਕਿ 30 ਅਪ੍ਰੈਲ ਆਉਣ ਵਿੱਚ ਸਿਰਫ ਕੁੱਝ ਦਿਨ ਹੀ ਰਹਿੰਦੇ ਹਨ। ਅਸੀਂ ਮੰਨ ਰਹੇ ਹਾਂ ਕਿ ਕੋਈ ਖਬਰ ਨਾ ਹੋਣ ਦਾ ਮਤਲਬ ਚੰਗੀ ਖਬਰ ਹੋਣਾ ਹੈ।

ਸਾਡੇ ਸਹਾਇਕ ਸਟਾਫ ਦੇ ਨਾਲ ਨਾਲ ਜਿਹੜੇ ਹੋਰ ਲੋਕ ਅਨਿਸ਼ਚਤਿਤਾ ਦਾ ਸਾਹਮਣਾ ਕਰ ਰਹੇ ਹਨ, ਉਹ ਹਨ ਕਾਲ ’ਤੇ ਪੜ੍ਹਾ ਰਹੇ ਟੀਚਰ ਅਤੇ ਸਾਡੇ ਸਹਾਇਕ ਸਟਾਫ ਵਿਚਲੇ ਸਪੇਅਰ ਬੋਰਡ ਦੇ ਕਰਮਚਾਰੀ। ਨਾਰਮਲ ਸਮਿਆਂ ਦੌਰਾਨ ਸਾਡੇ ਜ਼ਿਲ੍ਹੇ ਲਈ ਮਹੱਤਵਪੂਰਨ ਇਨ੍ਹਾਂ ਪਾਰਟ ਟਾਇਮ ਕਰਮਚਾਰੀਆਂ ਦੀ ਗਿਣਤੀ ਬਹੁਤ ਘਟੀ ਹੈ ਜਾਂ ਇੱਥੋਂ ਤੱਕ ਕਿ ਉਨ੍ਹਾਂ ਦਾ ਕੰਮ ਖਤਮ ਹੋ ਗਿਆ ਹੈ। ਮੈਂ ਪ੍ਰਵਾਨ ਕਰਦਾ ਹਾਂ ਕਿ ਸਾਡੇ ਸਪੇਅਰ ਬੋਰਡ ਅਤੇ ਟੀ ਟੀ ਓ ਸੀ ਦੇ ਕਰਮਚਾਰੀਆਂ ’ਤੇ ਵੱਡਾ ਅਸਰ ਪਿਆ ਹੈ ਅਤੇ ਅਸੀਂ ਤੁਹਾਡੇ ਅਤੇ ਤੁਹਾਡੀਆਂ ਜ਼ਿੰਦਗੀਆਂ ਅਤੇ ਕੰਮ ਵਿੱਚ ਆਈ ਇਸ ਵੱਡੀ ਤਬਦੀਲੀ ਬਾਰੇ ਸੋਚ ਰਹੇ ਹਾਂ।

ਜਿਵੇਂ ਜਿਵੇਂ ਅਸੀਂ ਸਾਰੇ ਹਰ ਰੋਜ਼ ਇਸ ਮਹਾਂਮਾਰੀ ਅਤੇ ਇਸ ਦੇ ਅਸਰਾਂ ਹੇਠ ਜੀ ਰਹੇ ਹਾਂ, ਸਾਡਾ ਜ਼ਿਲ੍ਹਾ ਯੋਜਨਾਵਾਂ ਬਣਾਉਣ, ਸੰਭਾਵਨਾਵਾਂ ਬਾਰੇ ਸੋਚਣ ਅਤੇ ਇਸ ਨਵੇਂ ਸੰਸਾਰ ਨੂੰ ਸਮਝਣ ਦੀ ਕੋਸ਼ਿਸ ਕਰਨਾ ਜਾਰੀ ਰੱਖੇਗਾ। ਸਿਹਤ ਅਤੇ ਸੂਬੇ ਵੱਲੋਂ ਮਿਲਦੀ ਸੇਧ ਨਾਲ, ਹੌਲੀ ਹੌਲੀ ਅਤੇ ਟਿਕ ਕੇ ਚੱਲਦਿਆਂ, ਮੈਂ ਯਕੀਨ ਕਰਦਾ ਹਾਂ ਕਿ ਅਸੀਂ ਉਸ ਥਾਂ ਤੇ ਪਹੁੰਚ ਜਾਵਾਂਗੇ, ਜਿੱਥੇ ਹੋਰ ਜ਼ਿਆਦਾ ਵਿਦਿਆਰਥੀ ਸਕੂਲਾਂ ਵਿੱਚ ਹੋਣਗੇ।

1 ਮਈ  ਨੂੰ ਆਉਣ ਵਾਲੇ ਇਸ ਸ਼ੁੱਕਰਵਾਰ ਨੂੰ, ਜ਼ਿਲ੍ਹੇ ਭਰ ਦੇ ਟੀਚਰਾਂ ਨੂੰ ਆਪਣੀਆਂ ਪਲੈਨਾਂ ਤੇ ਗੌਰ ਕਰਨ, ਆਪਣੀ ਮੌਜੂਦਾ ਸਥਿਤੀ ਦਾ ਮੁੱਲਾਂਕਣ ਕਰਨ ਅਤੇ ਜੂਨ ਵੱਲ ਵਧਦਿਆਂ ਆਪਣੀਆਂ ਜ਼ਰੂਰਤਾਂ ਬਾਰੇ ਸੋਚਣ ਦਾ ਮੌਕਾ ਮਿਲੇਗਾ। ਕਿਸੇ ਵੀ ਤਰ੍ਹਾਂ ਦੀਆਂ ਪਲੈਨਾਂ ਆਉਣ, ਅਸੀਂ ਉਹ ਰੱਲ ਕੇ ਕਰਾਂਗੇ, ਅਸੀਂ ਉਹ ਤੁਹਾਡੀ ਸਿਹਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕਰਾਂਗੇ, ਅਤੇ ਇਸ ਉਮੀਦ ਨਾਲ ਕਰਾਂਗੇ ਕਿ ਇਕ ਦਿਨ ਇਸ ਮਹਾਂਮਾਰੀ ਦਾ ਅੰਤ ਹੋਵੇਗਾ ਅਤੇ ਅਸੀਂ ਸਾਰੇ ਆਪਣੇ ਪਾਰਕਾਂ, ਭਾਈਚਾਰਿਆਂ ਅਤੇ ਸਕੂਲਾਂ ਦੇ ਹਾਲਾਂ ਵਿੱਚ ਉਸ ਢੰਗ ਨਾਲ ਤੁਰ ਸਕਾਂਗੇ, ਜਿਸ ਢੰਗ ਨੂੰ ਅਸੀਂ ਬਹੁਤ ਯਾਦ ਕਰਦੇ ਹਾਂ।

ਆਪਣਾ ਖਿਆਲ ਰੱਖਿਓ,

ਹਾਇਚਕੇ